ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਐਸ.ਪੀ.ਡੀ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਐਸ.ਏ.ਐਸ ਨਗਰ
ਸਿੱਖਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ ਨਗਰ(ਮੁਹਾਲੀ)
ਫੋਨ ਨੰ:0172-5212313,5212322

## ਜਨਤਕ ਨਿਯੁਕਤੀਆਂ

ਦਫਤਰ ਡੀ.ਜੀ.ਐਸ.ਸੀ -ਕਮ- ਐਸ.ਪੀ.ਡੀ ਪੰਜਾਬ ਵੱਲੋਂ IEDSS ਸਕੀਮ ਅਧੀਨ ਵਿਭਾਗ ਦੀ ਵੈਬ-ਸਾਈਟ http://educationrecruitmentboard.com ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ 10-12-2014 ਤੋਂ 24-12-2014 ਤੱਕ ਕੀਤੀ ਜਾਂਦੀ ਹੈ।ਭਰੀਆਂ ਜਾਣ ਵਾਲੀਆਂ ਆਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**ੳ. ਆਸਾਮੀ ਦਾ ਨਾਮ :- ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ**
**ਅ. ਆਸਾਮੀਆਂ ਦੀ ਗਿਣਤੀ:-** 22
**ੲ. ਅਸਾਮੀਆਂ ਦੀ ਡਿਸਏਬਲਿਟੀ ਅਤੇ ਸੋਸ਼ਲ ਕੈਟਾਗਰੀਵਾਇਜ ਵੰਡ:**

| Sr. No. | Name of post | General | SC (R&O) | SC (M&B) | BC | Ex-Serviceman (Self/ Dependant) | Handicapped | Total | District |
|---|---|---|---|---|---|---|---|---|---|
| 1 | District Special Education Teacher (MR) | 1 | | 1 | | | | 2 | Gurdaspur, Taran Taran |
| 2 | District Special Education Teacher (HI) | 3 | 1 | 1 | | | | 5 | Fatehgarh Sahib, Ferozepur, Hoshiarpur, Jalandhar &Kapurthala |
| 3 | District Special Education Teacher (VI) | 7 | 2 | 2 | 1 | 2 | 1 | 15 | Amritsar, Barnala, Bathinda, Faridkot, Fazilka, Ludhiana, Mansa, Moga,Mohali, Pathankot, Patiala, Ropar, Sangrur, SBS Nagar, Muktsar |
| | Total | 11 | 3 | 4 | 1 | 2 | 1 | 22 | |

ਸ.ਵਿਦਿਅਕ ਯੋਗਤਾ

| ਲੜੀ ਨੰ: | ਅਸਾਮੀ ਦਾ ਨਾਂ | ਮਾਨ ਭੱਤਾ ਮਾਸਿਕ | ਵਿੱਦਿਅਕ ਯੋਗਤਾਵਾਂ | ਅਸਾਮੀਆਂ ਦੀ ਗਿਣਤੀ |
|---|---|---|---|---|
| 1) | District Special Education Teacher (Mental Retardation) | 30500/- | 1. Graduation with B.Ed. (Special Education in Mental Retardation )<br>or<br>2. Graduate with B.Ed. (General) with PG Diploma in Special Education (Mental Retardation)<br>or<br>3. Graduate with B.Ed. (General) with one/two years Diploma in Special Education in Mental Retardation.<br>or<br>4. Graduate with B.Ed. (General) with Post Graduate Professional Diploma (PGPD) in Special Education in Mental Retardation.<br>or<br>5. Graduate with B.Ed. (General) with Post Graduate Professional Certificate in Special Education in Mental Retardation (PGPC) | Total - 02<br>General - 01<br>SC (M&B) - 01 |

| | | | | |
|---|---|---|---|---|
| 2) | District Special Education Teacher (Hearing Impairment) | 30500/- | 1. Graduation with B.Ed. (Special Education in Hearing Impairment)<br>or<br>2. Graduate with B.Ed. (General) with one/two years Diploma in Special Education in Hearing Impairment.<br>or<br>3. Graduate with B.Ed. (General) with Post Graduate Professional Diploma (PGPD) in Special Education in Hearing Impairment.<br>or<br>4. Graduate with B.Ed. (General) with Post Graduate Professional Certificate in Special Education in Hearing Impairment (PGPC)<br>or<br>5. Graduate with B.Ed. (General) with Senior Diploma in Teaching the Deaf | Total - 05<br>General - 03<br>SC (M&B)-01<br>SC (R&O)-1 |

| | | | | |
|---|---|---|---|---|
| 3) | District Special Education Teacher (Visual Impairment) | 30500/- | 1. Graduation with B.Ed. (Special Education in Visual Impairment)<br><br>or<br><br>2. Graduate with B.Ed. (General) with one/two years Diploma in Special Education in Visual Impairment.<br><br>or<br><br>3. Graduate with B.Ed. (General) with Post Graduate Professional Diploma (PGPD) in Special Education in Visual Impairment.<br><br>or<br><br>4. Graduate with B.Ed. (General) with Post Graduate Professional Certificate (PGPC) in Special Education in Visual Impairment<br><br>or<br><br>5. Graduate with B.Ed. (General) with Secondary level Teacher Training Course in Visual Impairment. | Total - 15<br><br>General - 07<br><br>SC (M&B) - 02<br><br>SC (R&O) - 2<br><br>BC- 1<br><br>Ex-Serviceman (Self/Dependent) -2<br><br>Handicapped - 1 |

ਨੋਟ:- 1) ਗਰੈਜੂਏਸ਼ਨ 45% ਅੰਕਾ ਨਾਲ ਪਾਸ ਕੀਤੀ ਹੋਵੇ।
2) ਮੈਟਰਿਕ ਪੱਧਰ ਤੇ ਪੰਜਾਬੀ ਪਾਸ ਕੀਤੀ ਹੋਵੇ।
3) 1 ਸਾਲ ਦਾ ਕੰਪਿਉਟਰ ਕੋਰਸ ਮਾਨਤਾ ਪ੍ਰਾਪਤ ਸੰਸਥਾ ਤੋਂ ਕੀਤਾ ਹੋਵੇ।
(ISO 9001:2008 Certified ਜਾਂ ਇਸ ਦੇ ਬਰਾਬਰ)
4)IEDSS ਅਧੀਨ ਜਿਲ੍ਹਾ ਸਪੈਸ਼ਲ ਐਜੁਕੇਸ਼ਨ ਟੀਚਰਸ ਦੀ ਅਸਾਮੀ ਲਈ ਚੋਣ ਦਾ ਅਧਾਰ ਲਿਖਤੀ ਟੈਸਟ ਹੋਵੇਗਾ। ਲਿਖਤੀ ਟੇਸਟ ਦੀ ਮਿਤੀ ਅਤੇ ਸਥਾਨ ਦੀ ਸੂਚਨਾ ਉਮੀਦਵਾਰਾਂ ਨੂੰ ਵੈਬਸਾਇਟ http://educationrecruitmentboard.com ਰਾਹੀਂ ਬਾਅਦ ਵਿੱਚ ਦਿੱਤੀ ਜਾਵੇਗੀ।

## ਹ. ਫੀਸ ਸੰਬਧੀ ਵੇਰਵਾ

1. ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ 500/-
2. ਰਿਜਰਵ ਕੈਟਾਗਿਰੀ(ਐਸ.ਸੀ/ਐਸ.ਟੀ)/ਅੰਗਹੀਣ 250/-
3. ਉਮੀਦਵਾਰ ਸਕਰੂਟਨੀ ਸਮੇਂ ਫੀਸ ਦੀ ਰਸੀਦ ਪੇਸ਼ ਕਰਨਗੇ।

## ਕ. ਉਮਰ ਸੀਮਾ:

- ਉਮੀਦਵਾਰ ਦੀ ਉਮਰ ਵਿਗਿਆਪਨ ਦੀ ਮਿਤੀ ਨੂੰ ਘੱਟ ਤੋਂ ਘੱਟ 18 ਸਾਲ ਅਤੇ ਵੱਧ ਤੌਂ ਵੱਧ 37 ਸਾਲ ਹੋਣੀ ਚਾਹੀਦੀ ਹੈ।
- ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਉਮੀਦਵਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵਗੀ।
- ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿਚੋਂ ਘਟਾਉਣ ਤੋਂ ਬਆਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸ਼ਟਾ ਦੇਣੀ ਪਵੇਗੀ।
- ਪੰਜਾਬ ਦੇ ਵਸਨੀਕ ਵਿਕਲਾਂਗਾ ਦੀ ਉਪਰਲੀ ਉਮਰ ਸੀਮਾ ਦੀ ਹੱਦ 47 ਸਾਲ ਤੱਕ ਹੋਵੇਗੀ।
- ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ  ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵਗੀ।
- ਵਿਧਵਾ ਅਤੇ ਤਲਾਕਸੁਦਾ ਔਰਤਾਂ ਨੂੰ ਉਮਰ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਤੱਕ ਹੋਵੇਗੀ।

## ਖ. ਰਿਜਰਵੇਸ਼ਨ ਸਰਟੀਫਿਕੇਟ

- ਜਿਹੜਾ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪਛੜੀ ਸ਼੍ਰੇਣੀ ਦੇ ਰਾਖਵਾਕਰਨ ਦਾ ਲਾਭ ਲੈਣਾ ਚਾਹੁੰਦੇ ਹਨ ਉਹ ਸਬੰਧਤ ਸਮਰੱਥ ਅਧਿਕਾਰੀ ਵਲੋਂ ਜਾਰੀ ਕੀਤਾ ਜਾਤੀ ਸਬੰਧੀ ਸਰਟੀਫੀਕੇਟ ਪੇਸ਼ ਕਰਨਗੇ। ਇਸ ਸਰਟੀਫਿਕੇਟ ਵਿੱਚ ਜਾਤੀ ਸ਼ਪਸ਼ਟ ਤੋਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆ ਅਤੇ ਪੱਛੜੀ ਸ੍ਰੇਣੀਆਂ ਐਕਟ 2006  ਅਨੁਸਾਰ ਹੋਵੇਗਾ।

- ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀ ਦੀ  ਉਹ ਇਸਤਰੀ ਉਮੀਦਵਾਰ ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ, ਜਿਸ ਵਿੱਚ ਪਿਤਾ ਦਾ ਨਾਂ ਦਰਜ ਹੈ ਜਾਂ ਪਿਤਾ ਦਾ ਪੱਛੜੀ ਸ੍ਰੇਣੀ ਦਾ ਸਰਟੀਫਿਕੇਟ ਵੀ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ । ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀ ਕਰਦੀ ਤਾਂ ਉਸਦੀ ਪਾਤਰਤਾ ਪਛੜੀਆਂ ਸ੍ਰੇਣੀ ਵਿੱਚ ਨਹੀ ਵਿਚਾਰੀ ਜਾਵੇਗੀ।

- ਪੱਛੜੀ ਸ੍ਰੇਣੀ ਦਾ ਸਰਟੀਫਿਕੇਟ ਵਿਗਿਆਪਨ ਅਨੁਸਰ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ 1 ਸਾਲ ਦੇ ਅੰਦਰ ਦਾ ਬਣੀਆ ਹੋਣਾ ਲਾਜ਼ਮੀ ਹੈ ਅਤੇ ਇਹ ਸਰਟੀਫਿਕੇਟ ਪੰਜਾਬ ਸਰਕਾਰ ਭਲਾਈ ਵਿਭਾਗ ਵਲੋਂ ਜਾਰੀ ਪੱਤਰ ਮਿਤੀ 17.01.1994, 17.8.2005 ਅਤੇ ਮਿਤੀ 24.2.2009 ਅਨੁਸਾਰ ਬਣੀਆ ਹੋਣਾ ਚਾਹੀਦਾ ਹੈ।

- ਅਪਾਹਜ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ:10/26/95-5 ਐਸ.ਐਸ/1252 ਮਿਤੀ: 02.05.97 ਅਨੁਸਾਰ ਹੋਵੇਗਾ।ਉਮੀਦਵਾਰ ਵਿਗਿਆਪਨ ਵਿੱਚ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਦਾ ਬਣਿਆ ਸਮਰੱਥ ਅਧਿਕਾਰੀ ਦੁਆਰਾ ਅਪਾਹਜ ਹੋਣ ਦਾ ਸਰਟੀਫਿਕੇਟ ਬਿਨੈ ਕੀਤੀ ਅਸਾਮੀ ਦੇ ਸੰਬਧ ਵਿੱਚ ਉਪਰਲੀ ਜਾਂ ਹੇਠਲੀ ਹੱਦ ਦੇ 40% ਸਥਾਈ/ਅੰਸ਼ਿਕ ਅੰਗਹੀਣਤਾ ਪਰ ਸਿਵਲ

ਰੁਜਗਾਰ/ਨਿਰਧਾਰਤ ਅਸਾਮੀ ਲਈ ਫਿਟ ਹੋਣ ਸੰਬਧੀ ਮੈਡੀਕਲ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਇਹ ਸਰਟੀਫਿਕੇਟ ਜਰੂਰੀ ਤੌਰ ਤੇ ਹੇਠ ਲਿਖੇ ਅਧਿਕਾਰੀਆਂ ਨੇ ਜਾਰੀ ਕੀਤਾ ਹੋਵੇਗਾ:

ਏ) ਕਿਸੇ ਵੀ ਸਰਕਾਰੀ ਡਾਕਟਰੀ ਸੰਸਥਾਨ/ਹਸਪਤਾਲ ਦਾ ਕਲਾਸ–1 ਮੈਡੀਕਲ ਅਫਸਰ ਵੱਲੋ

ਬੀ) ਜਿਲ੍ਹੇ ਜਾਂ ਸਥਾਨ ਜਿਥੋਂ ਦੇ ਬਿਨੈਕਾਰ ਸਥਾਈ ਵਾਸੀ ਹੈ, ਦੇ ਪੀ.ਐਮ.ਓ.,ਸੀ.ਐਮ.ਓ/ ਸਿਵਲ ਸਰਜਨ ਦੁਆਰਾ ਜਾਰੀ।

## ਗ. ਆਮ ਸ਼ਰਤਾਂ

- ਇਹ ਨਿਯੁਕਤੀ ਮੁੱਢਲੇ ਤੌਰ ਤੇ ਇੱਕ ਸਾਲ ਦੇ ਠੇਕੇ 'ਤੇ ਯਕਮੁਸਤ ਰਕਮ ਤੇ ਕੀਤੀ ਜਾਵੇਗੀ। ਉਮੀਦਵਾਰ ਦਾ ਕੰਮ ਅਤੇ ਆਚਰਣ ਤਸਲੀਬਖਸ ਹੋਣ ਦੀ ਸੂਰਤ ਵਿੱਚ ਸਮਾਂ ਅੱਗੇ ਵਧਾਇਆ ਵੀ ਜਾ ਸਕਦਾ ਹੈ।
- ਅਸਾਮੀਆਂ ਲਈ ਅਪਲਾਈ ਕਰ ਰਹੇ ਉਮੀਦਵਾਰ ਇਹ ਯਕੀਨੀ ਬਣਾਉਣਗੇ ਕਿ ਉਹ ਸਾਰੀਆਂ ਨਿਰਧਾਰਤ ਵਿਦਿਅਕ ਯੋਗਤਾਵਾਂ ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਪੂਰੀਆਂ ਕਰਦੇ ਹੋਣ। ਜੇਕਰ ਨਿਯੁਕਤੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਜਾਂਚ ਕਰਨ ਤੇ ਇਹ ਪਾਇਆ ਜਾਂਦਾ ਹੈ ਕਿ ਓਹ ਕੋਈ ਵੀ ਯੋਗਤਾ ਪੂਰੀ ਨਹੀ ਕਰਦਾ ਜਾਂ ਉਸ ਵਲੋਂ ਪੇਸ਼ ਕੀਤੀ ਗਈ ਜਾਣਕਾਰੀ ਝੂਠੀ ਜਾਂ ਗਲਤ ਹੈ, ਤਾਂ ਉਸ ਦੀ ਉਮੀਦਵਾਰੀ ਦਾ ਹੱਕ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।
- ਰਾਖਵਾਂਕਰਨ ਤੇ upper age relaxation ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਵੇਗਾ।
- ਰਾਖਵਾਂਕਰਣ ਦਾ ਲਾਭ ਕੇਵਲ ਪੰਜਾਬ ਦੇ ਵਾਸੀਆਂ ਲਈ ਹੀ ਉਪਲਬਧ ਹੋਵੇਗਾ।
- ਉਮੀਦਵਾਰ ਨੇ ਪੰਜਾਬੀ ਘੱਟੋ ਘੱਟ ਦਸਵੀਂ ਪੱਧਰ ਤੱਕ ਪਾਸ ਕੀਤੀ ਹੋਵੇ।
- ਉਮੀਦਵਾਰ ਵਲੋਂ ਅਸਾਮੀ ਵਿਰੁੱਧ ਕੇਵਲ ਅਪਲਾਈ ਕਰਨ ਜਾ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਉਮੀਦਵਾਰ ਨੂੰ ਨਿਯੁਕਤੀ ਦਾ ਅਧਿਕਾਰ ਨਹੀਂ ਹੋਵੇਗਾ।
- ਉਮੀਦਵਾਰ ਸਕਰੂਟਨੀ ਵੇਲੇ ਆਪਣੇ ਸਾਰੇ ਅਸਲ ਵਿਦਿਅਕ/ਪ੍ਰੋਫੈਸ਼ਨਲ ਯੋਗਤਾ, ਸ਼੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਮੇਤ ਉਹਨਾਂ ਦੀਆਂ ਸੇਲਫ ਅਟੈਸਟਡ(Self Attested) ਕਾਪੀਆਂ ਅਤੇ 2 ਫੋਟੋਆਂ ਫਾਈਲ ਵਿੱਚ ਲਗਾ ਕੇ ਲਿਆਣਗੇ। ।ਇਹ ਸਾਰੇ ਦਸਤਾਵੇਜ਼ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦੇ ਜਾਰੀ ਕੀਤੇ ਹੋਣੇ ਚਾਹੀਦੇ ਹਨ। ਆਖਰੀ ਮਿਤੀ ਤੋਂ ਬਾਅਦ ਜਾਰੀ ਕੀਤਾ ਗਿਆ ਸਰਟੀਫਿਕੇਟ ਮੰਨਣਯੋਗ ਨਹੀ ਹੋਵੇਗਾ।
- ਵਿਦਿਅਕ ਯੋਗਤਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ / ਬੋਰਡ/ ਸੰਸਥਾਂ ਤੋਂ ਪਾਸ ਹੋਵੇ ।
- ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।
- ਸਾਬਕਾ ਫੌਜੀ/ਸਾਬਕਾ ਫੌਜੀਆਂ ਦੇ ਖਾਨਦਾਨੀ ਉਤਰਾ ਅਧਿਕਾਰੀ/ਆਸ਼ਰਿਤ ਜੋ ਪੰਜਾਬ ਦੇ ਵਸਨੀਕ ਹਨ, ਸਾਬਕਾ ਫੌਜੀ ਦੇ ਰਾਖਵਾਂਕਰਨ ਦੇ ਹੱਕਦਾਰ ਹਨ। ਪਰ ਸਾਬਕਾ ਫੌਜੀਆਂ ਦੇ ਖਾਨਦਾਨੀ ਉਤਰਾਅਧਿਕਾਰੀ/ਆਸ਼ਰਿਤ ਤਾਂ ਹੀ ਸਾਬਕਾ ਫੌਜੀ ਵਰਗ ਵਿੱਚ ਵਿਚਾਰੇ ਜਾਣਗੇ ਜੇਕਰ ਕੋਈ ਸਾਬਕਾ ਫੌਜੀ ਨਹੀਂ ਹੈ। ਜੇਕਰ ਲੋੜੀਂਦੇ ਸਾਬਕਾ ਫੋਜੀ ਉਪਲੱਬਧ ਹੋਣਗੇ ਤਾਂ ਸਾਬਕਾ ਫੌਜੀਆਂ ਦੇ ਖਾਨਦਾਨੀ ਉਤਰਾਅਧਿਕਾਰੀ/ਆਸ਼ਰਿਤ ਨੂੰ ਜਨਰਲ ਵਰਗ ਵਿੱਚ ਵਿਚਾਰਿਆ ਜਾਵੇਗਾ।
- ਉਹ ਉਮੀਦਵਾਰ ਜੋ ਪਹਿਲਾਂ ਹੀ ਰਾਜ ਜਾਂ ਕੇਂਦਰ ਦੇ ਕਰਮਚਾਰੀ ਹਨ ਆਪਣੀ ਪ੍ਰਤੀ ਬੇਨਤੀ ਯੋਗ ਪ੍ਰਣਾਲੀ ਰਾਹੀਂ ਹੀ ਭੇਜਣਗੇ। ਪਰ ਇਹ ਅਸਾਮੀ ਠੇਕਾ ਆਧਾਰਤ ਹੋਵੇਗੀ।

- ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਜਿਸ ਅਸਾਮੀ ਲਈ ਅਪਲਾਈ ਕਰ ਰਿਹਾ ਹੈ, ਉਸ ਦੀ ਪਾਤਰਤਾ ਲਈ ਨਿਰਧਾਰਤ ਸਾਰੀਆਂ ਸ਼ਰਤਾਂ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਪੂਰੀਆਂ ਕਰਦਾ ਹੈ। ਉਮੀਦਵਾਰ ਅਪਲਾਈ ਕਰਨ ਨਾਲ ਨਿਯੁਕਤੀ ਲਈ ਪਾਤਰ ਨਹੀਂ ਬਣ ਜਾਂਦਾ ।ਨਿਯੁਕਤੀ ਲਈ ਚੋਣ ਉਸ ਦੀ ਪਾਤਰਤਾ ਹੋਣ ਤੇ ਹੀ ਹੋਵੇਗੀ ਅਤੇ ਸਕਰੂਟਨੀ ਸਮੇਂ ਉਮੀਦਵਾਰ ਦੀ ਮੈਰਿਟ ਅਤੇ ਯੋਗਤਾ ਉਸ ਵਲੋਂ ਪੇਸ਼ ਕੀਤੇ ਗਏ ਅਸਲ ਦਸਤਾਵੇਜ਼ ਉਪਰਹੀ ਨਿਰਧਾਰਤ ਕੀਤੇ ਜਾਵੇਗੀ। ਕਿਸੇ ਵੀ ਦਸਤਾਵੇਜ਼ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਨਿਯੁਕਤੀ/ ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ।
- ਵੱਖ-ਵੱਖ ਵਰਗਾਂ ਵਿੱਚ ਖਾਲੀ ਆਸਾਮੀਆਂ ਉਸ ਵਰਗ ਵਿੱਚ ਉਪਲਬਧ ਆਸਾਮੀਆਂ ਦੀ ਹੋਣ ਦੀ ਸੂਰਤ ਵਿੱਚ ਹੀ ਭਰੀਆਂ ਜਾਣਗੀਆਂ।
- ਸਰਕਾਰ ਦੁਆਰਾ ਦੰਡ ਜਾਂ ਪਬਲਿਕ ਅਥਾਰਟੀ ਦੁਆਰਾ ਬਰਖ਼ਾਸਤ ਇੰਪਲਾਈ ਬਿਨੈ ਨਾ ਕਰਨ। ਜੇਕਰ ਉਮੀਦਵਾਰ ਅਜਿਹੀ ਸੂਚਨਾ ਗੁਪਤ ਰੱਖ ਕੇ ਰੁਜ਼ਗਾਰ ਪ੍ਰਾਪਤ ਕਰਦਾ ਹੈ ਤਾਂ ਬਿਨਾਂ ਸੂਚਨਾ ਉਸ ਦੀ ਉਮੀਦਵਾਰੀ ਰੱਦ ਕੀਤੀ ਜਾਵੇਗੀ।
- ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਬਿਨਾਂ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਉਮੀਦਵਾਰਾਂ ਨੂੰ ਰਿਜੈਕਟ ਕਰਨ ਦਾ ਹੱਕ ਰਾਖਵਾਂ ਰੱਖਦਾ ਹੈ।
- ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਨੂੰ ਸਾਈਬਰ ਕੈਫੇ ਅਟੈਂਡੇਂਟ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ।ਐਪਲੀਕੈਸ਼ਨ ਫਾਰਮ ਵਿੱਚ ਇਕ ਵਾਰ ਡਾਟਾ ਭਰਨ ਤੋਂ ਬਾਅਦ Approve ਕਰਨ ਤੋਂ ਬਾਅਦ ਉਸ ਵਿਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਹੋਰ ਮੌਕਾ ਦਿੱਤਾ ਜਾਵੇਗਾ।ਇਸ ਸੰਬਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀਬੇਨਤੀ ਦਫਤਰ ਵਲੋਂ ਸਵੀਕਾਰ ਨਹੀ ਕੀਤੀ ਜਾਵੇਗੀ।
- ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਵਿਭਾਗ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।
- ਉਮੀਦਵਾਰ ਆਪਣੀ ਕੈਟਾਗਰੀ ਧਿਆਨ ਪੂਰਵਕ ਭਰਨ, ਇੱਕ ਵਾਰੀ ਭਰੀ ਗਈ ਕੈਟਾਗਰੀ ਤਬਦੀਲ ਯੋਗ ਨਹੀਂ ਹੋਵੇਗੀ ਅਤੇ ਕਿਸੇ ਵੀ ਤਰ੍ਹਾਂ ਦਾ ਦੁਬਾਰਾ ਮੌਕਾ ਨਹੀਂ ਦਿੱਤਾ ਜਾਵੇਗਾ।
- ਉਮੀਦਵਾਰਾਂ ਵਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ਼ ਦੇ ਗਲਤ ਸਾਬਤ ਹੋਣ ਤੇ ਉਸ ਦਾ ਨਾਂ ਮੈਰਿਟ ਵਿੱਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਮੀਦਵਾਰ ਅਤੇ ਦਸਤਾਵੇਜ਼ ਜਾਰੀ ਕਰਨ ਵਾਲੇ ਵਿਰੁਧ ਮੌਕੇ ਤੇ ਹੀ ਐਫ.ਆਈ.ਆਰ ਦਰਜ ਕਰਵਾ ਦਿੱਤੀ ਜਾਵਗੀ ਅਤੇ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵਗੀ।
- ਯੋਗਤਾ ਦੀ ਬਰਾਬਤਾ ਵਿਵਾਦ ਦੇ ਮਾਮਲੇ ਸਬੰਧੀ ਵਿਭਾਗ ਦੁਆਰਾ ਕੀਤਾ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।
- ਉਮੀਦਵਾਰ ਜੋ ਆਪਣਾ ਮੋਬਾਇਲ ਨੰਬਰ ਰਜਿਸਟਰਡ ਕਰਵਾਉਣਗੇ। ਸਾਰੀ ਜਾਣਕਾਰੀ ਉਸੇ ਨੰਬਰ ਤੇ SMS ਰਾਹੀਂ ਦਿੱਤੀ ਜਾਵੇਗੀ।
- ਸਕਰੂਟਨੀ ਸਮੇਂ ਜੇਕਰ ਕਿਸੇ ਉਮੀਦਵਾਰ ਵਲੋਂ ਯੋਗਤਾ ਆਦਿ ਸਬੰਧੀ ਅਸਲ ਦਸਤਾਵੇਜ਼ ਪੇਸ਼ ਨਹੀਂ ਕੀਤੇ ਜਾਂਦੇ ਤਾਂ ਉਸ ਦਾ ਨਿਯੁਕਤੀ ਲਈ ਕੋਈ ਹੱਕ ਨਹੀ ਹੋਵੇਗਾ ਅਤੇ ਉਸ ਤੋਂ ਜੂਨੀਅਰ ਉਮੀਦਵਾਰ ਨੂੰ ਅਸਾਮੀ ਲਈ ਵਿਚਾਰਿਆ ਜਾਵੇਗਾ।
- ਕਾਉਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਟੀ.ਏ/ਡੀ.ਏ ਅਦਾ ਨਹੀਂ ਕੀਤਾ ਜਾਵੇਗਾ।

- ਕਾਉਂਸਲਿੰਗ ਵਿੱਚ ਗੈਰ ਹਾਜਰ ਰਹਿਣ ਕਾਰਨ ਉਮੀਦਵਾਰ ਦੀ ਪਾਤਰਤਾ ਰੱਦ ਸਮਝੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਉਮੀਦਵਾਰ ਨੂੰ ਹੋਰ ਮੌਕਾ ਨਹੀ ਦਿੱਤਾ ਜਾਵੇਗਾ।
- ਉਮੀਦਵਾਰ ਨੂੰ ਸਲਾਹ ਦਿੱਤੀ ਜਾਦੀ ਹੈ ਕਿ ਉਹ ਕਾਉਂਸਲਿੰਗ/Latest updates ਆਦਿ ਸੰਬਧੀ ਵਿਭਾਗ ਦੀ ਵੈਬਸਾਈਟ ਤੇ ਰੈਗੂਲਰ ਤੋਰ ਤੇ ਆਪ ਹੀ ਧਿਆਨ ਰੱਖਣਗੇ।ਇਸ ਸਬੰਧੀ ਉਨ੍ਹਾਂ ਨੂੰ ਵੱਖਰੇ ਤੋਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ। ਉਮੀਦਵਾਰ ਨੂੰ ਇਹ ਵੀ ਸਲਾਹ ਹੈ ਕਿ ਉਹ ਸਾਰੀਆ ਹਦਾਇਤਾਂ ਚੰਗੀ ਤਰਾਂ ਪੜ੍ਹ ਲਵੇ ਇੱਕ ਵਾਰੀ ਭਰਿਆ ਡਾਟਾ ਬਦਲਣ ਦੀ ਆਗਿਆ ਨਹੀਂ ਹੋਵੇਗੀ।

**ਘ. ਆਨਲਾਈਨ ਅਪਲਾਈ ਕਰਨ ਦੀ ਵਿਧੀ:**

1) ਵੈਬਸਾਈਟ http://educationrecruitmentboard.com
2) ਉਮੀਦਵਾਰ ਵਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜੀਸਟ੍ਰੇਸ਼ਨ ਕਰਵਾਈ ਜਾਵੇਗੀ।ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬ-ਸਾਈਟ ਉੱਤੇ ਦਿੱਤੇ ਲਿੰਕ New Registration ਉਤੇ click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ।ਇੱਕ ਵਾਰ ਰਜਿਸਟ੍ਰੇਸ਼ਨ ਕਰਨ ਉਪਰੰਤ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾ ਸਕਦੀ।
3) ਰਜਿਸਟ੍ਰੇਸ਼ਨ ਉਪਰੰਤ ਉਮੀਦਵਾਰ ਆਪਣਾ Bank ਚਲਾਨ ਜਨਰੇਟ ਕਰ ਸਕਦੇ ਹਨ ਅਤੇ State Bank of Patiala ਵਿੱਚ ਆਪਣੀ ਫੀਸ ਜਮ੍ਹਾਂ ਕਰਵਾ ਸਕਦੇ ਹਨ।
4) ਫੀਸ ਸਬੰਧੀ ਬੈਂਕ ਤੋਂ confirmation ਉਪਰੰਤ ਇਸ ਵਿਭਾਗ ਵਲੋਂ ਉਮੀਦਵਾਰ ਦੀ ਰਜਿਸਟ੍ਰੇਸ਼ਨ 48 ਘੰਟੇ ਵਿੱਚ confirm ਕਰ ਦਿੱਤੀ ਜਾਵੇਗੀ ਅਤੇ confirmation ਉਪਰੰਤ ਹੀ ਉਮੀਦਵਾਰ ਆਪਣੀ Online Application ਭਰ ਸਕਦੇ ਹਨ।
5) Application ਭਰਨ ਉਪਰੰਤ ਇਸ ਦਾ printout ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ।ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ਼ post ਰਾਹੀ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ਼ ਮੰਗੇ ਜਾਣ ਉੱਤੇ ਹੀ ਭੇਜੀਆ ਜਾਵੇ।

**ਡ. Important Dates:**

1. ਆਨ ਲਾਇਨ ਅਪਲਾਈ ਕਰਨ ਦੀ ਮਿਤੀ - 10.12.2014 ਤੋਂ 24.12.2014 ਤੱਕ
   ਫੀਸ ਜਮਾਂ ਕਰਾਉਣ ਦੀ ਆਖਰੀ ਮਿਤੀ - 26.12.2014
2. ਪਹਿਲਾਂ ਉਮੀਦਵਾਰ ਆਨਲਾਈਨ ਰਜਿਸਟੇਸ਼ਨ ਕਰੇਗਾ ਜਿਸ ਦੀ ਆਖਰੀ ਮਿਤੀ 24-12-2014(ਸ਼ਾਮ 5.00 ਵਜੇ ਤੱਕ) ਹੋਵੇਗੀ। ਰਜਿਸਟ੍ਰੇਸ਼ਨ ਕਰਨਾ ਹੀ ਅਪਲਾਈ ਕਰਨ ਦੀ ਆਖਰੀ ਮਿਤੀ ਮੰਨੀ ਜਾਵੇਗੀ।
3. ਉਮੀਦਵਾਰ ਰਜਿਸਟ੍ਰੇਸ਼ਨ ਕਰਨ ਤੋਂ ਬਾਅਦ ਬੈਂਕ ਚਲਾਨ ਜਨਰੇਟ ਕਰੇਗਾ ਅਤੇ ਅਰਜੀ ਦੀ ਨਿਰਧਾਰਿਤ ਫੀਸ ਮਿਤੀ 26-12-2014 ਤੱਕ ਬੈਂਕ ਵਿੱਚ ਜਮਾਂ ਕਰਵਾਏਗਾ। ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਅਤੇ ਜਮਾਂ ਕਰਵਾਈ ਗਈ ਫੀਸ ਦੀ conformation ਹੋਣ ਉਪਰੰਤ ਹੀ, ਉਮੀਦਵਾਰ ਆਪਣਾ Online Application Form ਭਰ ਸਕਦਾ ਹੈ, ਜਿਸ ਦੀ ਆਖਰੀ ਮਿਤੀ 30-12-2014 (ਸ਼ਾਮ 5.00 ਵਜੇ ਤੱਕ) ਹੈ।
4. ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ ਲਿਸਟ ਵਿਭਾਗ ਦੀ ਵੈਬਸਾਇਟ ਤੇ ਮਿਤੀ 01.01.2015 ਨੂੰ ਪਾਈ ਜਾਵੇਗੀ।

**ਡੀ.ਜੀ.ਐਸ.ਈ.-ਕਮ-ਐਸ.ਪੀ.ਡੀ**
**ਐਸ.ਐਸ.ਏ/ਆਰ.ਐਮ.ਐਸ.ਏ**